ਕੈਲੀਫ਼ੋਰਨੀਆ (California) ਦੇ ਪੀੜਤਾਂ ਲਈ ਮੁਆਵਜ਼ੇ ਅਤੇ ਕਲੇਮਾਂ ਸੰਬੰਧੀ ਸਰਕਾਰੀ ਬੋਰਡ

ਤੱਥਾਂ ਦੀ ਸ਼ੀਟ

ਜਨਤਕ ਮਾਮਲਿਆਂ ਅਤੇ ਸੰਚਾਰ ਸੰਬੰਧੀ ਸੈਕਸ਼ਨ (Public Affairs & Communications Section)

ਨਫ਼ਰਤ ਅਤੇ ਤਅੱਸੁਬ 'ਤੇ ਆਧਾਰਤ ਅਪਰਾਧਾਂ ਦੇ ਪੀੜਤਾਂ ਦੀ ਸਹਾਇਤਾ ਲਈ ਪ੍ਰੋਗਰਾਮ

ਅਮਰੀਕਾ ਵਿਚ ਦਹਿਸ਼ਤਗਰਦਾਂ ਦੇ ਹਾਲੀਆ ਹਮਲਿਆਂ ਦੇ ਨਤੀਜੇ ਵਜੋਂ ਅਰਬ-ਅਮਰੀਕਨਾਂ, ਮੁਸਲਿਮ-ਅਮਰੀਕਨਾਂ, ਮੱਧ-ਪੂਰਬ ਦੇ ਬੰਸ ਦੇ ਲੋਕਾਂ ਅਤੇ ਹੋਰਨਾਂ ਵਿਰੁਧ ਤਸ਼ਦੁੱਦ ਦੀਆਂ ਕਾਰਵਾਈਆਂ ਅਤੇ ਮਾਰ ਦੇਣ ਦੀਆਂ ਧਮਕੀਆਂ ਵੱਧ ਗਈਆਂ ਹਨ। ਇਹ ਹਮਲੇ ਗ਼ੈਰ-ਕਾਨੂੰਨੀ ਹਨ ਅਤੇ ਗੁਮਰਾਹ ਹੋ ਕੇ ਕੀਤੇ ਜਾਂਦੇ ਹਨ। ਪੀੜਤਾਂ ਲਈ ਮੁਆਵਜ਼ਾ ਅਤੇ ਸਰਕਾਰੀ ਕਲੇਮ ਬੋਰਡ ਦੇਸ਼ ਭਰ ਦੇ ਨੇਤਾਵਾਂ ਨਾਲ ਰਲ ਕੇ ਇਹਨਾਂ ਦੀ ਨਿਖੇਧੀ ਕਰਦਾ ਹੈ।

ਪੀੜਤਾਂ ਲਈ ਮੁਆਵਜ਼ਾ ਪੋਗਰਾਮ ਕੈਲੀਫ਼ੋਰਨੀਆ ਦੇ ਕਿਸੇ ਵੀ ਵਸਨੀਕ ਨੂੰ, ਜੋ ਨਫ਼ਰਤ ਜਾਂ ਤਅੱਸੁਬ 'ਤੇ ਆਧਾਰਤ ਅਪਰਾਧ ਦੇ ਨਤੀਜੇ ਵਜੋਂ ਜ਼ਖ਼ਮੀ ਹੁੰਦਾ ਹੈ, ਜਾਂ ਜਿਸ ਨੂੰ ਜ਼ਖ਼ਮੀ ਕੀਤੇ ਜਾਣ ਦੀ ਧਮਕੀ ਮਿਲਦੀ ਹੈ, ਖ਼ਰਚ ਕੀਤੀ ਰਕਮ ਦੀ ਪ੍ਰਤਿਪੂਰਤੀ ਲਈ ਹੈ।

ਪੀੜਤ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ (ਮਾਪਿਆਂ, ਭੈਣਾ-ਭਰਾਵਾਂ, ਪਤੀ/ਪਤਨੀ, ਬੱਚਿਆਂ ਅਤੇ ਉਸਦੇ/ਦੀ ਮੰਗੇਤਰ, ਜੇ ਉਸਨੇ ਅਪਰਾਧ ਹੁੰਦਾ ਵੇਖਿਆ ਹੋਵੇ) ਨੂੰ ਵੀ, ਉਤਪੀੜਨ ਦੇ ਨਤੀਜੇ ਵਜੋਂ ਉਨ੍ਹਾਂ ਵਲੋਂ ਖ਼ਰਚ ਕੀਤੀ ਗਈ ਰਕਮ ਦੀ ਪ੍ਰਤਿਪੂਰਤੀ ਕੀਤੀ ਜਾ ਸਕਦੀ ਹੈ। ਉਹ ਵਿਅਕਤੀ ਵੀ ਅਜਿਹੀ ਪ੍ਰਤਿਪੂਰਤੀ ਦਾ ਹੱਕਦਾਰ ਹੈ, ਜੋ ਅਪਰਾਧ ਹੋਣ ਵੇਲੇ ਪੀੜਤ ਦੇ ਘਰ ਵਿਚ, ਪਤੀ/ਪਤਨੀ, ਬੱਚੇ, ਮਾਤਾ/ਪਿਤਾ, ਜਾਂ ਭਰਾ-ਭੈਣ ਵਰਗੇ ਰਿਸ਼ਤੇ ਦੇ ਰੂਪ ਵਿਚ ਰਹਿ ਰਿਹਾ ਹੋਵੇ, ਜਾਂ ਘੱਟੋ-ਘੱਟ ਦੋ ਸਾਲ ਰਹਿ ਚੁੱਕਾ ਹੋਵੇ।

ਜਿਨ੍ਹਾਂ ਖ਼ਰਚਾਂ ਦੀ ਰਕਮ ਅਦਾ ਕੀਤੀ ਜਾ ਸਕਦੀ ਹੈ, ਉਨ੍ਹਾਂ ਵਿਚ ਸ਼ਾਮਲ ਹਨ :

- ਮੁੜ ਵਸੇਬੇ/ਉਹ ਘਰ ਛੱਡ ਕੇ ਜਾਣ ਤੇ ਆਉਣ ਵਾਲਾ ਖ਼ਰਚ (ਪੀੜਤ ਨੂੰ ਆਪਣਾ ਉਹ ਘਰ ਜ਼ਰੂਰ ਛੱਡ ਕੇ ਹੋਰ ਥਾਂ ਚਲੇ ਜਾਣਾ ਚਾਹੀਦਾ ਹੈ)
- ਘਰ ਵਿਚ ਹਿਫ਼ਾਜ਼ਤ ਲਈ ਜੰਤਰ ਲਾਉਣ ਜਾਂ ਉਸ ਨੂੰ ਬੇਹਤਰ ਬਣਾਉਣ ਦਾ ਖ਼ਰਚ (ਘਰ ਦੀ ਹਿਫ਼ਾਜ਼ਤ ਨੂੰ ਬੇਹਤਰ ਬਣਾਉਣਾ)
- ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਮਾਨਸਿਕ ਸਿਹਤ ਦੇ ਇਲਾਜ ਜਾਂ ਮਸ਼ਵਰੇ ਦਾ ਖ਼ਰਚ
- ਪੀੜਤ ਦੇ ਡਾਕਟਰੀ ਅਤੇ ਦੰਦਾਂ ਦੇ ਇਲਾਜ ਦਾ ਖ਼ਰਚ
- ਜ਼ਖ਼ਮੀ ਹੋਣ ਦੇ ਫ਼ਲਸਰੂਪ ਤਨਖ਼ਾਹ ਦਾ ਹੋਣ ਵਾਲਾ ਨੁਕਸਾਨ
- ਮਾਰੇ ਗਏ ਵਿਅਕਤੀ ਦੇ ਆਸ਼ਰਤਾਂ ਜਾਂ ਸਰੀਰਕ ਤੌਰ 'ਤੇ ਅਸਮਰਥ ਹੋ ਗਏ ਪੀੜਤਾਂ ਲਈ ਗੁਜ਼ਾਰੇ ਦੀ ਰਕਮ ਦਾ ਨੁਕਸਾਨ
- ਅੰਤਮ ਰਸਮਾਂ ਅਤੇ/ਜਾਂ ਦਫ਼ਨਾਉਣ ਦਾ ਖ਼ਰਚ

ਘਰ ਛੱਡ ਕੇ ਕਿਸੇ ਹੋਰ ਥਾਂ ਜਾਣ ਅਤੇ ਮੁੜ ਵਸੇਬੇ ਜਾਂ ਘਰ ਵਿਚ ਹਿਫ਼ਾਜ਼ਤੀ ਪਬੰਧਾਂ ਦੇ ਖ਼ਰਚ ਲਈ *ਰਕਮ ਤਾਂ ਉਪਲਬੱਧ ਹੋਏਗੀ*, ਜੇਕਰ ਕਾਨੂੰਨ ਲਾਗੂ ਕਰਨ ਵਾਲਾ ਜਾਂ ਮਾਨਸਕ ਸਿਹਤ ਦੀ ਵੇਖਭਾਲ ਕਰਨ ਵਾਲਾ ਇਸ ਗਲ ਦੀ ਤਸਦੀਕ ਕਰੇ, ਕਿ ਇਹ ਖ਼ਰਚ ਪੀੜਤ ਦੀ ਸੁਰੱਖਿਆ ਜਾਂ ਮਾਨਸਕ ਨਰੋਏਪਣ ਲਈ ਜ਼ਰੂਰੀ ਹੈ।

ਅਪਰਾਧ ਦੇ ਫ਼ਲਸਰੂਪ ਹਸਪਤਾਲ ਵਿਚ ਦਾਖ਼ਲ ਹੋਏ ਜਾਂ ਮਾਰੇ ਗਏ ਬੱਚੇ ਦੇ *ਮਾਤਾ/ਪਿਤਾ ਜਾਂ ਸਰਪਰੱਸਤਾਂ* ਨੂੰ 30 ਦਿਨਾਂ ਲਈ ਤਨਖ਼ਾਹ ਦੇ ਨੁਕਸਾਨ ਦੀ ਪ੍ਰਤਿਪੂਰਤੀ ਕੀਤੀ ਜਾ ਸਕਦੀ ਹੈ।

ਮਾਰੇ ਗਏ ਵਿਅਕਤੀ ਦੇ ਕਾਨੂੰਨੀ ਤੌਰ 'ਤੇ ਆਸ਼ਰਤ ਬਾਲਗ਼/ਪਤੀ-ਪਤਨੀ ਨੂੰ ਵੱਧ ਤੋਂ ਵੱਧ ਪੰਜ ਸਾਲ ਲਈ ਅਤੇ ਨਾਬਾਲਗ਼ ਆਸ਼ਰਤ ਨੂੰ ਅਠਾਰਵੇਂ ਜਨਮ ਦਿਨ ਤਕ, ਜੀਵਨ ਨਿਰਬਾਹ ਦੇ ਖ਼ਰਚ ਦੀ ਪ੍ਰਤਿਪੂਰਤੀ ਕੀਤੀ ਜਾ ਸਕਦੀ ਹੈ। ਇਕ ਅਪਰਾਧ ਦੇ ਨਤੀਜੇ ਵਜੋਂ ਅਜਿਹੇ ਸਾਰੇ ਪੀੜਤਾਂ ਨੂੰ ਕੁਲ ਮਿਲਾ ਕੇ ਵੱਧ ਤੋਂ ਵੱਧ 70,000 ਡਾਲਰ ਦਿੱਤੇ ਜਾ ਸਕਦੇ ਹਨ।

ਇਕੱਲੇ-ਇਕੱਲੇ ਬਿਨੇਕਾਰ ਨੂੰ ਪ੍ਰਤਿਪੂਰਤੀ ਵਜੋਂ ਕੁਲ ਮਿਲਾ ਕੇ *ਵੱਧ ਤੋਂ ਵੱਧ* 70,000 ਡਾਲਰ ਮਿਲ ਸਕਦੇ ਹਨ।

ਪੀੜਤ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਹੋਰ ਜਾਣਕਾਰੀ ਅਤੇ ਸਹਾਇਤਾ ਲਈ ਅਰਜ਼ੀ ਵਾਸਤੇ ਕਰ-ਮੁਕਤ ਹਾਟਲਾਈਨ : 1-800-777-9229 'ਤੇ ਫ਼ੋਨ ਕਰ ਸਕਦੇ ਹਨ। ਇਹ ਸਾਰੀਆਂ ਭਾਸ਼ਾਵਾਂ ਵਿਚ ਹੋ ਸਕਦਾ ਹੈ। ਜੇ ਸੁਣਨ-ਸ਼ਕਤੀ ਕਮਜ਼ੋਰ ਹੋ ਗਈ ਹੈ ਤਾਂ ਕ੍ਰਿਪਾ ਕਰ ਕੇ ਕੈਲੀਫ਼ੋਰਨੀਆ ਰੀਲੇਅ ਸਰਵਿਸ ਨੂੰ ਇਸ ਨੰਬਰ 'ਤੇ ਫ਼ੋਨ ਕਰੋ 1-800-735-2929.

ਦੋਵੇਂ ਕਰ-ਮੁਕਤ ਲਾਈਨਾਂ ਸਵੇਰੇ 7 ਵਜੇ ਤੋਂ ਰਾਤ 9 ਵਜੇ ਤਕ ਖੁਲ੍ਹੀਆਂ ਹਨ। ਸਨਿਚਰਵਾਰ ਅਤੇ ਐਤਵਾਰ ਨੂੰ ਵੀ ਇਹ ਲਾਈਨਾਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤਕ ਕੰਮ ਕਰਨਗੀਆਂ।

VCGCB/September 2001/Punjabi